## ਜੇ ਮੇਰੇ ਮਨ ਵਿਚ ਸਵਾਲ ਹੋਣ ਤਾਂ ਕਿਸ ਨੂੰ ਫੋਨ ਕਰ ਸਕਦਾ/ਸਕਦੀ ਹਾਂ?

- ਤੁਸੀਂ ਕਿਸੇ ਵੀ ਪਬਲਿਕ ਹੈਲਥ ਯੂਨਿਟ ਨੂੰ ਫੋਨ ਕਰ ਸਕਦੇ ਹੋ ਅਤੇ ਲੋਦਿਆਂ (ਇਮਿਊਨਾਈਜ਼ੇਸ਼ਨ) ਬਾਰੇ ਕਿਸੇ ਨਰਸ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ। ਪਬਲਿਕ ਹੈਲਥ ਨਰਸਾਂ ਲੋਦਿਆਂ ਬਾਰੇ ਸਲਾਹ ਅਤੇ ਸੇਵਾਵਾਂ ਦਿੰਦੀਆਂ ਹਨ
- ਤੁਹਾਡਾ ਫੈਮਿਲੀ ਡਾਕਟਰ, ਨਰਸ ਪ੍ਰੈਕਟੀਸ਼ਨਰ, ਫਾਰਮਾਸਿਸਟ ਜਾਂ ਹੈਲਥਲਿੰਕ ਬੀ ਸੀ ਵਿਚ ਨਰਸ ਵੀ ਲੋਦਿਆਂ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ

## ਕੀ ਤੁਸੀਂ ਜਾਂ ਤੁਹਾਡਾ ਪਰਿਵਾਰ ਦੁਬਾਰਾ ਆਪਣੇ ਪਿਛਲੇ ਦੇਸ਼ ਨੂੰ ਜਾ ਰਹੇ ਹੋ?

- ਉਨ੍ਹਾਂ ਹੋਰ ਲੋਦਿਆਂ ਬਾਰੇ ਸਲਾਹ ਲੈਣ ਲਈ ਕਿਸੇ ਟਰੈਵਲ ਕਲੀਨਿਕ ਨਾਲ ਸੰਪਰਕ ਕਰੋ ਜਿਨ੍ਹਾਂ ਦੀ ਤੁਹਾਡੇ ਪਰਿਵਾਰ ਨੂੰ ਲੋੜ ਹੋ ਸਕਦੀ ਹੈ
- ਬੀ ਸੀ ਵਿਚ ਟਰੈਵਲ ਕਲੀਨਿਕਾਂ ਦੀ ਲਿਸਟ ਲੈਣ ਲਈ ਇਸ ਵੈੱਬਸਾਈਟ ’ਤੇ ਜਾਉ: www.immunizebc.ca/get-vaccinated/travel-vaccinations



**ਜ਼ਿਆਦਾ ਜਾਣਕਾਰੀ ਲਈ ਇਸ ਵੈੱਬਸਾਈਟ ’ਤੇ ਜਾਉ:**

**ImmunizeBC.ca**

**811 ਨੂੰ ਫੋਨ ਕਰੋ**

ਹੈਲਥਲਿੰਕ ਬੀ ਸੀ 24 ਘੰਟੇ ਮੁਫਤ ਸਿਹਤ ਸਰਵਿਸ ਪ੍ਰਦਾਨ ਕਰਦਾ ਹੈ। ਜੇ ਲੋੜ ਹੋਵੇ ਤਾਂ ਕੋਈ ਦੋਭਾਸ਼ੀਆ ਤੁਹਾਡੀ ਮਦਦ ਕਰ ਸਕਦਾ ਹੈ।

ਫਸਟ ਨੇਸ਼ਨਜ਼ ਹੈਲਥ: **www.fnha.ca**

ਫਰੇਜ਼ਰ ਹੈਲਥ: **www.fraserhealth.ca**

ਆਈਲੈਂਡ ਹੈਲਥ: **www.viha.ca**

ਇਨਟੀਰੀਅਰ ਹੈਲਥ: **www.interiorhealth.ca**

ਨੌਰਦਰਨ ਹੈਲਥ: **www.northernhealth.ca**

ਵੈਨਕੂਵਰ ਕੋਸਟਲ ਹੈਲਥ: **www.vch.ca**

**ਮੇਰੇ ਨੋਟ:**

ਮੇਰਾ ਫੈਮਿਲੀ ਡਾਕਟਰ ਅਤੇ ਫੋਨ ਨੰਬਰ ਹੈ:

............................................................................................

............................................................................................

............................................................................................

ਮੇਰਾ ਪਬਲਿਕ ਹੈਲਥ ਯੂਨਿਟ ਅਤੇ ਫੋਨ ਨੰਬਰ ਹੈ:

............................................................................................

............................................................................................

............................................................................................

Just Moved Here? [Punjabi]

# ਇੱਥੇ ਹੁਣੇ ਆਏ ਹੋ ?



## ਕੀ ਤੁਹਾਡੇ ਬੱਚੇ ਦੇ ਪੂਰੇ ਲੋਦੇ ਲੱਗੇ ਹੋਏ ਹਨ?

**ਇਨ੍ਹਾਂ ਚੀਜ਼ਾਂ ਬਾਰੇ ਜਾਣਨ ਲਈ ਬਰੋਸ਼ਰ ਪੜ੍ਹੋ:**

- ਤੁਹਾਡੇ ਬੱਚੇ ਦਾ ਲੋਦਿਆਂ ਦਾ ਰਿਕਾਰਡ
- ਉਹ ਲੋਦੇ ਜਿਨ੍ਹਾਂ ਦੀ ਤੁਹਾਡੇ ਬੱਚੇ ਨੂੰ ਲੋੜ ਹੋ ਸਕਦੀ ਹੈ
- ਲੋਦੇ ਕਿੱਥੋਂ ਲਵਾਉਣੇ ਹਨ
- ਸਵਾਲਾਂ ਲਈ ਕਿਸ ਨੂੰ ਫੋਨ ਕਰਨਾ ਹੈ

British Columbia | ImmunizeBC

## ਆਪਣੇ ਬੱਚੇ ਦੇ ਲੋਦਿਆਂ ਦੇ ਰਿਕਾਰਡ ਨੂੰ ਚੈੱਕ ਕੀਤੇ ਜਾਣ ਲਈ ਪਬਲਿਕ ਹੈਲਥ ਯੂਨਿਟ ਲੈ ਕੇ ਜਾਉ।

### ਮੇਰੇ ਬੱਚੇ ਦਾ ਰਿਕਾਰਡ ਚੈੱਕ ਕੀਤੇ ਜਾਣ ਦੀ ਕਿਉਂ ਲੋੜ ਹੈ?

- ਇਹ ਦੇਖਣ ਲਈ ਕਿ ਤੁਹਾਡੇ ਬੱਚੇ ਦੇ ਕਿਹੜੇ ਲੋਦੇ ਲੱਗੇ ਹਨ
- ਬਚਪਨ ਵਿਚ ਲੱਗਣ ਵਾਲੇ ਆਮ ਲੋਦੇ ਤੁਹਾਡੇ ਪਿਛਲੇ ਦੇਸ਼ ਜਾਂ ਸੂਬੇ ਵਿਚ ਵੱਖਰੇ ਹੋ ਸਕਦੇ ਹਨ
- ਨੇਮ ਨਾਲ ਲੱਗਣ ਵਾਲਾ ਜੇ ਕੋਈ ਲੋਦਾ ਨਾ ਲੱਗਾ ਹੋਵੇ ਤਾਂ ਉਹ ਤੁਹਾਡੇ ਬੱਚੇ ਦੇ ਲਵਾਉਣ ਦੀ ਸਿਫਾਰਸ਼ ਕੀਤੀ ਜਾਵੇਗੀ ਅਤੇ ਮੁਫਤ ਲਾਇਆ ਜਾਵੇਗਾ
- ਲੋਦਿਆਂ ਦਾ ਰਿਕਾਰਡ ਚੈੱਕ ਕਰ ਲਏ ਜਾਣ ਤੋਂ ਬਾਅਦ, ਜਾਣਕਾਰੀ ਤੁਹਾਡੇ ਬੱਚੇ ਦੇ ਇਲੈਕਟਰੌਨਿਕ ਹੈਲਥ ਰਿਕਾਰਡ ਵਿਚ ਪਾਈ ਜਾਂਦੀ ਹੈ। ਤੁਸੀਂ ਕਿਸੇ ਵੇਲੇ ਵੀ ਆਪਣੇ ਬੱਚੇ ਦੇ ਰਿਕਾਰਡ ਦੀ ਕਾਪੀ ਲੈ ਸਕਦੇ ਹੋ

### ਜੇ ਮੇਰੇ ਕੋਲ ਆਪਣੇ ਬੱਚੇ ਦੇ ਲੋਦਿਆਂ ਦਾ ਰਿਕਾਰਡ ਨਾ ਹੋਵੇ ਤਾਂ ਕੀ ਹੋਵੇਗਾ?

- ਆਪਣੇ ਬੱਚੇ ਦਾ ਰਿਕਾਰਡ ਆਪਣੇ ਪਿਛਲੇ ਦੇਸ਼ ਜਾਂ ਸੂਬੇ ਤੋਂ ਮੰਗਵਾਉਣ ਦੀ ਕੋਸ਼ਿਸ਼ ਕਰੋ
- ਬਿਨਾਂ ਰਿਕਾਰਡ ਜਾਂ ਕਿਸੇ ਬੀਮਾਰੀ ਦੇ ਸਬੂਤ ਵਾਲੇ ਬੱਚੇ ਨੂੰ ਬਿਨਾਂ ਲੋਦਿਆਂ ਵਾਲਾ ਅਤੇ ਅਣਸੁਰੱਖਿਅਤ ਸਮਝਿਆ ਜਾਂਦਾ ਹੈ
- ਬਿਹਤਰ ਸੁਰੱਖਿਆ ਪ੍ਰਦਾਨ ਕਰਨ ਲਈ ਤੁਹਾਡੇ ਬੱਚੇ ਨੂੰ ਖੁੰਝ ਗਏ ਲੋਦੇ ਲਵਾਉਣ ਲਈ ਕਿਹਾ ਜਾਵੇਗਾ

### ਆਪਣੇ ਬੱਚੇ ਦੇ ਰਿਕਾਰਡ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਰੱਖੋ

- ਸਦਾ ਆਪਣੇ ਬੱਚੇ ਦੇ ਲੋਦਿਆਂ ਦਾ ਤਾਜ਼ਾ ਰਿਕਾਰਡ ਰੱਖੋ
- ਡਾਕਟਰ ਕੋਲ ਹਰ ਵਾਰੀ ਜਾਣ ਵੇਲੇ ਆਪਣੇ ਬੱਚੇ ਦੇ ਲੋਦਿਆਂ ਦਾ ਰਿਕਾਰਡ ਆਪਣੇ ਨਾਲ ਲੈ ਕੇ ਜਾਉ ਤਾਂ ਜੋ ਤੁਹਾਡਾ ਡਾਕਟਰ ਇਸ ਨੂੰ ਭਰ ਸਕੇ
- ਆਪਣੇ ਬੱਚੇ ਨੂੰ ਡੇਅਕੇਅਰ, ਸਕੂਲ, ਸਮਰ ਕੈਂਪਸ ਅਤੇ ਕਾਲਜ ਜਾਂ ਯੂਨੀਵਰਸਿਟੀ ਲਈ ਰਜਿਸਟਰ ਕਰਵਾਉਣ ਵੇਲੇ ਤੁਹਾਨੂੰ ਬੱਚੇ ਦਾ ਰਿਕਾਰਡ ਦੇਣ ਲਈ ਕਿਹਾ ਜਾ ਸਕਦਾ ਹੈ

## ਸਾਰੇ ਲੋਦੇ ਸਮੇਂ ਸਿਰ ਲਵਾ ਕੇ ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।

### ਬ੍ਰਿਟਿਸ਼ ਕੋਲੰਬੀਆ ਵਿਚ ਮੁਫਤ ਨੇਮ ਨਾਲ ਲੱਗਣ ਵਾਲੇ ਲੋਦੇ ਬੱਚਿਆਂ ਨੂੰ ਬਹੁਤ ਸਾਰੀਆਂ ਬੀਮਾਰੀਆਂ ਤੋਂ ਬਚਾਉਂਦੇ ਹਨ:

- ✔ ਡਿਫਥੀਰੀਆ (ਗਲਘੋਟੂ ਰੋਗ)
- ✔ *ਹੀਮੋਫੀਲਸ ਇਨਫਲੂਐਂਜ਼ੇ* ਟਾਈਪ ਬੀ (ਹਿਬ)
- ✔ ਹੈਪਾਟਾਈਟਸ ਬੀ
- ✔ ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ)
- ✔ ਇਨਫਲੂਐਂਜ਼ਾ (ਫਲੂ)
- ✔ ਮਨਿੰਗਾਕੋਕਲ ਡਿਜ਼ੀਜ਼
- ✔ ਨਿਊਮੋਕੋਕਲ ਡਿਜ਼ੀਜ਼
- ✔ ਮੀਜ਼ਲਜ਼ (ਖਸਰਾ)
- ✔ ਮੰਪਸ (ਕੰਨ-ਪੇੜੇ)
- ✔ ਪਰਟੂਸਿਸ (ਕਾਲੀ ਖਾਂਸੀ)
- ✔ ਪੋਲੀਓ
- ✔ ਰੋਟਾਵਾਇਰਸ
- ✔ ਰੁਬੇਲਾ (ਜਰਮਨ ਖਸਰਾ)
- ✔ ਟੈਟਾਨੱਸ
- ✔ ਵੈਰੀਸੇਲਾ (ਚਿਕਨਪੌਕਸ)

### ਜੇ ਮੇਰੇ ਬੱਚੇ ਦੇ ਸਾਰੇ ਸਿਫਾਰਸ਼ਸ਼ੁਦਾ ਲੋਦੇ ਨਾ ਲੱਗੇ ਹੋਣ ਤਾਂ ਕੀ ਹੁੰਦਾ ਹੈ?

- ਤੁਹਾਡੇ ਬੱਚੇ ਨੂੰ ਗੰਭੀਰ ਅਤੇ ਕਦੇ ਕਦੇ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀਆਂ ਬੀਮਾਰੀਆਂ ਲੱਗਣ ਦਾ ਖਤਰਾ ਹੁੰਦਾ ਹੈ। ਤੁਹਾਡੇ ਬੱਚੇ ਦੇ ਲੋਦੇ ਲਾ ਕੇ ਇਨ੍ਹਾਂ ਨੁਕਸਾਨਾਂ ਤੋਂ ਰੋਕਥਾਮ ਕੀਤੀ ਜਾ ਸਕਦੀ ਹੈ
- ਜੇ ਤੁਹਾਡੇ ਬੱਚੇ ਦੇ ਡੇਅਕੇਅਰ ਜਾਂ ਸਕੂਲ ਵਿਚ ਬੀਮਾਰੀ ਸ਼ੁਰੂ ਹੋ ਜਾਵੇ ਤਾਂ ਤੁਹਾਡੇ ਬੱਚੇ ਨੂੰ ਉਦੋਂ ਤੱਕ ਘਰ ਵਿਚ ਰਹਿਣ ਲਈ ਕਿਹਾ ਜਾ ਸਕਦਾ ਹੈ ਜਦ ਤੱਕ ਵਾਪਸ ਆਉਣਾ ਸੁਰੱਖਿਅਤ ਨਹੀਂ ਹੋ ਜਾਂਦਾ
- ਉਨ੍ਹਾਂ ਦੇ ਸਕੂਲ ਜਾਂ ਡੇਅਕੇਅਰ ਦੇ ਕਈ ਦਿਨ ਜਾਂ ਇੱਥੋਂ ਤੱਕ ਕਿ ਮਹੀਨੇ ਵੀ ਖੁੰਝ ਸਕਦੇ ਹਨ

## ਆਪਣੇ ਬੱਚੇ ਲਈ ਮੈਂ ਲੋਦਿਆਂ ਦੀ ਅਪੌਂਇੰਟਮੈਂਟ ਕਿੱਥੇ ਬਣਾ ਸਕਦਾ/ਸਕਦੀ ਹਾਂ?

### ਲੋਦੇ ਕੌਣ ਲਾਉਂਦਾ ਹੈ?

- ✔ ਪਬਲਿਕ ਹੈਲਥ ਨਰਸਾਂ
- ✔ ਨਰਸ ਪ੍ਰੈਕਟੀਸ਼ਨਰ
- ✔ ਡਾਕਟਰ
- ✔ ਫਾਰਮਾਸਿਸਟ (5 ਸਾਲ ਅਤੇ ਵੱਡੀ ਉਮਰ ਦੇ ਬੱਚਿਆਂ ਦੇ ਲੋਦੇ ਲਾ ਸਕਦੇ ਹਨ)

*ਬੀ ਸੀ ਭਰ ਵਿਚ ਸੇਵਾਵਾਂ ਵੱਖ ਵੱਖ ਹੋ ਸਕਦੀਆਂ ਹਨ।*

### ਅੱਜ ਹੀ ਅਪੌਂਇੰਟਮੈਂਟ ਲਈ ਫੋਨ ਕਰੋ!

ਆਪਣੇ ਨੇੜੇ ਦੇ ਪਬਲਿਕ ਹੈਲਥ ਯੂਨਿਟ ਦਾ ਪਤਾ ਲਾਉਣ ਲਈ ਸਾਡਾ ਪਬਲਿਕ ਹੈਲਥ ਯੂਨਿਟ ਫਾਈਂਡਰ ਵਰਤੋ। ਇਸ ਵੈੱਬਸਾਈਟ 'ਤੇ ਜਾਉ:

ImmunizeBC.ca/finder



**ਸਾਰੇ ਲੋਦੇ ਸਮੇਂ ਸਿਰ ਲਵਾ ਕੇ ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ। ਬਚਪਨ ਵਿਚ ਲੱਗਣ ਵਾਲੇ ਲੋਦਿਆਂ ਦੀ ਤਾਜ਼ਾ ਸਮਾਂ ਸੂਚੀ ਲਈ ਇਸ ਵੈੱਬਸਾਈਟ 'ਤੇ ਜਾਉ:**

**www.immunizebc.ca**